1

# ‘‘ਪਾਪ ਅਤੇ ਮੌਤ ਕਿੱਥੋਂ ਆਏ?’’

## I. ਸੰਸਾਰ ਦੀ ਰਚਨਾ ਵਿਚ ਕੀ-ਕੀ ਬਣਾਇਆ ਗਿਆ ਸੀ?

1. ਖ਼ੁਦਾ ਨੇ ________ ਅਤੇ ________ ਦੀ ਸਰਿਸ਼ਟੀ ਕੀਤੀ। ਉਤਪਤ 1:1
2. ਖ਼ੁਦਾ ਨੇ ਵੇਖਿਆ ਕਿ ਉਸ ਦੀ ਬਣਾਈ ਹਰ ਚੀਜ਼ ______ ਸੀ। ਉਤਪਤ 1:31

## II. ਬਾਗ-ਏ-ਅਦਨ ਵਿਚ ਕੀ ਸੀ?

1. ਬਾਗ–ਏ–ਅਦਨ ਵਿਚ ________ ਦਾ ਰੁੱਖ ਅਤੇ ________ ,________ ਦੀ ਸਿਆਣ ਦਾ ਰੁੱਖ ਵੀ ਲਾਇਆ ਗਿਆ। ਉਤਪਤ 2:9
2. ਭਲੇ ਅਤੇ ਬੁਰੇ ਦੀ ਸਿਆਣ ਦੇ ਰੁੱਖ ਦਾ ਫਲ ਖਾਣ ਨਾਲ ਓਨ੍ਹਾਂ ਨੇ ______ ਜਾਣਿਆ ਸੀ। ਉਤਪਤ 2:17

## III. ਬਾਗ-ਏ-ਅਦਨ ਵਿਚ ਹੱਵਾਹ ਭਰਮਾਈ ਕਿਵੇਂ ਗਈ?

1. ਸੱਪ ਨੇ ਕਿਹਾ ਸੀ ‘‘ਭਲਾ ਪਰਮੇਸ਼ੁਰ ਨੇ ਸਚਮੁਚ ਆਖਿਆ ਹੈ ਕਿ ਬਾਗ ਦੇ ਕਿਸੇ ਬਿਰਛ ਤੋਂ ਤੁਸੀਂ ________ ?’’ ਉਤਪਤ 3:3
2. ਹੱਵਾਹ ਨੂੰ ਪਤਾ ਸੀ ਕਿ ਖ਼ੁਦਾ ਨੇ ਕਿਹਾ ਹੈ ਕਿ ਫਲ ਖਾਣ ਨਾਲ ਉਹ ਜ਼ਰੂਰ ________ ਜਾਵੇਗੀ। ਉਤਪਤ 3:1
3. ਸੱਪ ਨੇ ਕਿਹਾ:
   ੳ. ________________________________ ਉਤਪਤ 3:4
   ਅ. ________________________________ ਉਤਪਤ 3:5
   ੲ. ________________________________ ਉਤਪਤ 3:5
4. ਹੱਵਾਹ ਨੇ ਵੇਖਿਆ ਕਿ ਫਲ:
   ੳ. ________________________________ ਉਤਪਤ 3:6
   ਅ. ________________________________ ਉਤਪਤ 3:6
   ੲ. ________________________________ ਉਤਪਤ 3:6

## IV. ਭਲੇ ਅਤੇ ਬੁਰੇ ਦੀ ਸਿਆਣ ਦੇ ਰੁੱਖ ਦੇ ਫਲ ਨੂੰ ਖਾਣ ਦਾ ਕੀ ਨਤੀਜਾ ਹੋਇਆ?

1. ਦੋਹਾਂ ਦੀਆਂ ਅੱਖਾਂ ____________ ਉਤਪਤ 3:7
2. ਸੱਪ ਨੂੰ ਆਪਣੇ ____________ ਚੱਲਣਾ ਗਿਆ। ਉਤਪਤ 3:14
3. ਔਰਤ ਦੇ ਜਣਨ ਦੀ __________ ਵਧ ਜਾਣੀ ਸੀ ਅਤੇ ਆਦਮੀ ਨੇ ਉਸ ਉੱਤੇ _________ ਕਰਨੀ ਸੀ। ਉਤਪਤ 3:16
4. ਜ਼ਮੀਨ _______ ਹੋ ਜਾਣੀ ਸੀ ਉਤਪਤ 3:17 ਅਤੇ ਇਨਸਾਨ ਨੇ ________ ਵਿਚ ਮੁੜ ਜਾਣਾ ਸੀ। ਉਤਪਤ 3:19
5. ਖ਼ੁਦਾ ਨੇ ਕਿਹਾ ‘‘ਆਦਮੀ ________ ਵੀ ਸਿਆਣ ਵਿਚ _____ ਵਿੱਚੋਂ ਇਕ ਵਰਗਾ ਹੋ ਗਿਆ।’’ ਉਤਪਤ 3:22

**V. ਭਲਾ ਬੱਚਿਆਂ ਨੂੰ ਸੰਸਾਰ ਵਿਚ ਪੈਦਾ ਹੋਣ ਸਮੇਂ ਭਲੇ ਬੁਰੇ ਦੀ ਸਿਆਣ ਹੁੰਦੀ ਹੈ?**

1. ਬੱਚਿਆਂ ਨੂੰ ਭਲੇ ਬੁਰੇ ਦੀ ਸਿਆਣ ________ ਹੁੰਦੀ। ਵਿਵਸਥਾ 1:39
2. ਬੱਚਿਆਂ ਨੂੰ ਬੁਰੇ ਨੂੰ ________ ਅਤੇ ਭਲਿਆਈ ਨੂੰ ____________ ਨਹੀਂ ਆਉਂਦਾ। ਯਸਾਯਾਹ 7:16
3. ਜੇ ਕੋਈ ਅੰਨ੍ਹਾ ਹੈ ਤਾਂ ਉਸ ਵਿਚ ___________ ਨਹੀਂ ਹੈ। ਯੂਹੰਨਾ 9:41

**VI. ਭਲਾ ਬੱਚੇ ਪੈਦਾਇਸ਼ੀ ਪਾਪੀ ਹੁੰਦੇ ਹਨ?**

1. ਪੁੱਤਰ _________ ਦੀ ਬਦੀ ਨਹੀਂ ਚੁੱਕੇਗਾ। ਹਿਜ਼ਕੀਏਲ 18:20
2. ਖ਼ੁਦਾ ਮਨੁੱਖ ਦੇ ਅੰਦਰ ___________ ਰਚਦਾ ਹੈ। ਜ਼ਕਰਯਾਹ 12:1, ਅਤੇ ਆਤਮਾਵਾਂ ਦਾ _____ ਹੈ। ਇਬਰਾਨਿਆਂ 12:9 (ਉਪਦੇਸ਼ਕ 12:7 ਵੀ ਵੇਖੋ।)
3. ਸੁਰਗ ਦਾ ਰਾਜ ਛੋਟੇ _________ ਵਰਗਿਆਂ ਦਾ ਹੈ। ਮੱਤੀ 19:14

Copyright 1992 - Gospel Light Pub. Co., Delight, AR 71940




ਅੱਖਾਂ ਖੁੱਲ੍ਹ ਗਈਆਂ
ਖ਼ੁਦਾ ਵਾਂਗ ਭਲੇ ਬੁਰੇ ਨੂੰ ਸਿਆਣਦੇ ਹਨ।

ਬੱਚੇ ਪਾਪੀ ਹਨ:
1. ਆਪਣੇ ਕੰਮਾਂ ਕਰਕੇ? ਨਹੀਂ
2. ਮਾਪਿਆਂ ਕਰਕੇ, ਜਿਸਮ ਦੇ ਰਾਹੀਂ? ਨਹੀਂ
3. ਖ਼ੁਦਾ ਕਰਕੇ, ਆਤਮਾ ਦੇ ਰਾਹੀਂ? ਨਹੀਂ

# 1

# ''ਪਾਪ ਅਤੇ ਮੌਤ ਕਿੱਥੋਂ ਆਏ?''

''ਪਾਪ ਅਤੇ ਮੌਤ ਕਿੱਥੋਂ ਆਏ?'' ਕੀ ਇਹ ਅਧਿਐਨ ਸ਼ੀਟ ਸ਼ੁਰੂ ਕਰਨ ਲਈ ਇਕ ਵਧੀਆ ਅਧਿਐਨ ਸਾਬਿਤ ਹੋ ਸਕਦੀ ਹੈ ਕਿਉਂਕਿ ਇਸ ਨੂੰ ਅਗਲੇ ਅਧਿਆਇ ਦੀ ਬੁਨਿਆਦ ਤੇ ਰੂਪ ਵਿਚ ਵਰਤਿਆ ਜਾ ਸਕਦਾ ਹੈ।

**ਮਕਸਦ**

''ਪਾਪ ਅਤੇ ਮੌਤ'' ਸ਼ੀਟ ਦਾ ਮਕਸਦ ਇਹ ਵਿਖਾਉਣਾ ਹੈ ਕਿ ਪਾਪ ਅਤੇ ਸਰੀਰਕ ਮੌਤ ਆਦਮ ਅਤੇ ਹੱਵਾਹ ਦੇ ਪਾਪ ਦੇ *ਨਤੀਜੇ ਵਜੋਂ* ਸੰਸਾਰ ਵਿਚ ਆਏ, ਪਰ ਬਾਅਦ ਦੀਆਂ ਪੀੜ੍ਹੀਆਂ ਉਨ੍ਹਾਂ ਦੇ ਪਾਪ ਦੇ ਕਾਰਣ *ਦੋਸ਼ੀ* ਨਹੀਂ ਸਨ। ਆਦਮ ਅਤੇ ਹੱਵਾਹ ਦੇ ਪਾਪ ਦੇ ਕਾਰਣ ਖ਼ੁਦਾ ਦੀ ਚੰਗੀ ਸ੍ਰਿਸ਼ਟੀ ਬਦਨਾਮ ਹੋ ਗਈ।

**ਸੰਖੇਪ ਵਿਚ ਪਾਠ**

ਸੰਖੇਪ ਵਿਚ, ਇਸ ਅਧਿਆਇ ਵਿਚ ਪਤਾ ਲਗਦਾ ਹੈ ਕਿ ਖ਼ੁਦਾ ਨੇ ਸਭ ਕੁਝ ਚੰਗਾ ਹੀ ਬਣਾਇਆ ਸੀ, ਪਰ ਪਾਪ ਦੇ ਕਾਰਣ ਖ਼ੁਦਾ ਨੇ ਆਪਣੀ ਚੰਗੀ ਸ੍ਰਿਸ਼ਟੀ ਨੂੰ ਸਰਾਪ ਦੇ ਦਿੱਤਾ ਸੀ। ਸੰਸਾਰ ਵਿਚ ਭਲੇ ਅਤੇ ਬੁਰੇ ਦਾ ਗਿਆਨ ਆਦਮ ਅਤੇ ਹੱਵਾਹ ਦੇ ਪਾਪ ਦੇ ਕਾਰਣ ਹੀ ਆਇਆ। ਨਵਜੰਮੇ ਬੱਚੇ ਉੱਤੇ ਆਦਮ ਅਤੇ ਹੱਵਾਹ ਦੇ ਪਾਪਾਂ ਦੇ ਨਤੀਜੇ ਦਾ ਅਸਰ ਤਾਂ ਹੁੰਦਾ ਹੈ, ਪਰ ਜਨਮ ਵੇਲੇ ਉਸ ਉੱਤੇ ਆਦਮ ਅਤੇ ਹੱਵਾਹ ਦੇ ਪਾਪ ਦਾ ਇਲਜ਼ਾਮ ਨਹੀਂ ਹੁੰਦਾ।

**ਜਾਣ-ਪਛਾਣ**

*[ਸਿੱਖਣ ਵਾਲੇ ਨੂੰ ਇਸ ਅਧਿਆਇ ਲਈ ਤਿਆਰ ਕਰਨ ਲਈ, ਸਿਖਾਉਣ ਵਾਲੇ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਉਹ ਬਾਈਬਲ ਤੋਂ ਕਿੰਨੇ ਵਾਕਫ਼ ਹਨ। ਚੰਗੀ ਸ਼ੁਰੂਆਤ ਹੇਠ ਦੱਸੇ ਅਨੁਸਾਰ ਹੋ ਸਕਦੀ ਹੈ (ਹੇਠ ਲਿਖੀਆਂ ਗੱਲਾਂ ਵਿਚ ਇਕ–ਇਕ ਕਰਕੇ ਵਿਸਤਾਰ ਨਾਲ ਦੱਸਿਆ ਗਿਆ ਹੈ ਕਿ ਇਕ ਅਧਿਆਇ ਨੂੰ ਪੇਸ਼ ਕਰਨ ਲਈ ਸਿਖਾਉਣ ਵਾਲੇ ਨੂੰ ਕੀ ਕਰਨਾ ਚਾਹੀਦਾ ਹੈ): ]*

ਮੈਨੂੰ ਤੁਹਾਡੀ ਸਮਝਦਾਰੀ ਤੇ ਸ਼ੱਕ ਨਹੀਂ ਹੈ, ਪਰ ਮੈਂ ਚਾਹੁੰਦਾ ਹਾਂ ਕਿ ਬਿਲਕੁਲ ਹੇਠਲੇ ਪੱਧਰ ਤੋਂ ਸ਼ੁਰੂ ਕੀਤਾ ਜਾਵੇ ਤਾਂ ਜੋ ਮੈਨੂੰ ਪਤਾ ਲਗ ਜਾਵੇ ਕਿ ਤੁਹਾਨੂੰ ਬਾਈਬਲ ਦੇ ਸੁਭਾਅ ਅਤੇ ਬਨਾਵਟ ਦੀ ਕਿੰਨੀ ਸਮਝ ਹੈ। ਕੀ ਤੁਸੀਂ ਜਾਣਦੇ ਹੋ ਕਿ ਬਾਈਬਲ ਦੇ ਦੋ ਮੁੱਖ ਭਾਗ ਹਨ? ਉਹ ਦੋ ਮੁੱਖ ਭਾਗ ਕਿਹੜੇ–ਕਿਹੜੇ ਹਨ?

ਕੀ ਤੁਸੀਂ ਜਾਣਦੇ ਹੋ ਕਿ ਪੁਰਾਣੇ ਅਤੇ ਨਵੇਂ ਨੇਮ ਵਿੱਚੋਂ ਵੱਡਾ ਕਿਹੜਾ ਹੈ? [ਇਹ ਵੇਖਣ ਲਈ ਕਿ ਕਿਹੜੇ ਭਾਗ ਵਿਚ ਬਹੁਤੇ ਸਫ਼ੇ ਹਨ, ਬਾਈਬਲ ਨੂੰ ਉੱਥੋਂ ਖੋਲ੍ਹੋ ਜਿੱਥੋਂ ਨਵਾਂ ਨੇਮ ਸ਼ੁਰੂ ਹੁੰਦਾ ਹੈ ਅਤੇ ਫਿਰ ਦੋਹਾਂ ਨੇਮਾਂ ਦੇ ਅਕਾਰ ਵਿਚ ਤੁਲਨਾ ਕਰਕੇ ਦੱਸੋ।]

ਬਾਈਬਲ ਵਿਚ ਬਹੁਤ ਲੇਖਕਾਂ ਦੇ ਲੇਖ ਹਨ। ਬਾਈਬਲ ਵਿਚ ਕੁੱਲ 66 ਕਿਤਾਬਾਂ ਹਨ। ਪੁਰਾਣੇ ਨੇਮ ਵਿਚ 39 ਅਤੇ ਨਵੇਂ ਨੇਮ ਵਿਚ 27 ਕਿਤਾਬਾਂ ਹਨ।

ਬਾਈਬਲ ਦੀਆਂ ਕਿਤਾਬਾਂ ਦਾ ਅਕਾਰ 2 ਯੂਹੰਨਾ ਦੀ ਇਕ ਤੋਂ ਲੈ ਕੇ ਜ਼ਬੂਰਾਂ ਦੀ ਪੋਥੀ ਵਾਂਗ ਕਈ ਸਫ਼ਿਆਂ ਤਕ ਵੱਖੋ-ਵੱਖ ਹੈ। ਹਰ ਕਿਤਾਬ ਨੂੰ ਅਧਿਆਇਆਂ ਵਿਚ ਅਤੇ ਫਿਰ ਉਨ੍ਹਾਂ ਦੇ ਭਾਗਾਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਮੁੱਖ ਭਾਗਾਂ ਨੂੰ ਆਇਤਾਂ ਕਹਿੰਦੇ ਹਨ।

ਪੁਰਾਣੇ ਨੇਮ ਦੇ ਚਾਰ ਮੁੱਖ ਭਾਗ ਹਨ: ਸ਼ਰ੍ਹਾ ਦੀਆਂ 5 ਕਿਤਾਬਾਂ, ਇਤਿਹਾਸ ਦੀਆਂ 12, ਬੁੱਧ ਅਤੇ ਬੰਦਗੀ ਦੀਆਂ 5 ਕਿਤਾਬਾਂ ਅਤੇ ਨਬੂਵਤਾਂ ਦੀਆਂ 17 ਕਿਤਾਬਾਂ, ਜਿਨ੍ਹਾਂ ਨੂੰ ਕਦੇ-ਕਦੇ ਉਨ੍ਹਾਂ ਕਿਤਾਬਾਂ ਵਿਚ ਪਾਈ ਜਾਣ ਵਾਲੀ ਸਮੱਗਰੀ ਦੇ ਅਧਾਰ ਤੇ ਵੱਡੇ ਨਬੀਆਂ ਦੀਆਂ 5 ਕਿਤਾਬਾਂ, ਛੋਟੇ ਨਬੀਆਂ ਦੀਆਂ 12 ਕਿਤਾਬਾਂ ਕਿਹਾ ਜਾਂਦਾ ਹੈ। ਵੱਡੇ ਨਬੀਆਂ ਦੀਆਂ ਕਿਤਾਬਾਂ ਛੋਟੇ ਨਬੀਆਂ ਦੀਆਂ ਕਿਤਬਾਂ ਨਾਲੋਂ ਵੱਡੀਆਂ ਹਨ।

ਨਵੇਂ ਨੇਮ ਵਿਚ ਚਾਰ ਮੁੱਖ ਭਾਗ ਹਨ: ਯਿਸੂ ਦੇ ਜੀਵਨ ਅਤੇ ਸਿੱਖਿਆ ਉੱਤੇ 4 ਪੁਸਤਕਾਂ, 1 ਇਤਿਹਾਸ ਦੀ ਕਿਤਾਬ, 21 ਪੱਤਰੀਆਂ (ਕਈ ਵਾਰ ਇਨ੍ਹਾਂ ਨੂੰ 13 ਪੌਲੁਸ ਦੀਆਂ ਪੱਤਰੀਆਂ ਅਤੇ 8 ਆਮ ਪੱਤਰੀਆਂ ਵਿਚ ਵੰਡਿਆ ਜਾਂਦਾ ਹੈ), ਅਤੇ ਭਵਿੱਖਵਾਣੀ ਦੀ 1 ਕਿਤਾਬ ਹੈ।

ਇਸ ਅਧਿਆਇ ਵਿਚ ਅਸੀਂ ਬਾਈਬਲ ਦੇ ਸ਼ੁਰੂ ਤੋਂ ਲੈ ਕੇ ''ਪਾਪ ਅਤੇ ਮੌਤ ਕਿੱਥੋਂ ਆਏ'' [ਵੇਖੋ ਸਫ਼ਾ 113] ਅਧਿਐਨ ਸ਼ੀਟ ਤੇ ਵਿਚਾਰ ਕਰਦੇ ਹੋਏ ਸੰਸਾਰ ਦੀ ਰਚਨਾ ਤੋਂ ਸ਼ੁਰੂ ਕਰਾਂਗੇ।

## I. ਸੰਸਾਰ

1. ਸੰਸਾਰ ਦੀ ਰਚਨਾ ਵਿਚ ਕੀ-ਕੀ ਸੀ? ਸ਼ੁਰੂ ਵਿਚ ਖ਼ੁਦਾ ਨੇ ਕੀ-ਕੀ ਬਣਾਇਆ? [ਸਿੱਖਣ ਵਾਲੇ ਨੂੰ ਬਾਈਬਲ ਵਿੱਚੋਂ ਉਤਪਤ 1:1 ਪੜ੍ਹਨ ਲਈ ਕਹੋ।] ਖ਼ੁਦਾ ਨੇ *ਕੀ* ਬਣਾਇਆ? [ਉਹਨੂੰ ਜਵਾਬ ਦੇਣ ਦਿਓ। ''ਅਕਾਸ਼'' ਅਤੇ ''ਧਰਤੀ'' ਸ਼ਬਦਾਂ ਨਾਲ ਖਾਲੀ ਥਾਂ ਭਰੋ।]

2. ਖ਼ੁਦਾ ਨੇ ਉਸ ਬਾਰੇ ਜੋ ਉਸ ਨੇ ਬਣਾਇਆ ਸੀ ਕੀ ਕਿਹਾ? [ਉਹਨੂੰ ਜਵਾਬ ਦੇਣ ਦਿਓ। [ਉਸ ਨੂੰ ਉਤਪਤ 1:31 ਪੜ੍ਹਨ ਲਈ ਕਹੋ।] ਖ਼ੁਦਾ ਦੀ ਬਣਾਈ ਸ੍ਰਿਸ਼ਟੀ *ਕੀ* ਸੀ? [ਓਸੇ ਨੂੰ ਜਵਾਬ ਦੇਣ ਦਿਓ। ਖਾਲੀ ਥਾਂ ਵਿਚ ''ਚੰਗੀ'' ਭਰੋ।]

ਭਲਾ ਕੋਈ ਅਜਿਹੀ ਚੀਜ਼ ਹੈ ਜਿਸਦਾ ਵਜੂਦ ਹੋਵੇ ਅਤੇ ਉਸਨੂੰ ਖ਼ੁਦਾ ਨੇ ਨਾ ਬਣਾਇਆ ਹੋਵੇ? ਭਲਾ ਖ਼ੁਦਾ ਦੀ ਬਣਾਈ ਹੋਈ ਹਰ ਚੀਜ਼ ਚੰਗੀ ਸੀ? ਜੇ ਖ਼ੁਦਾ ਦੀ ਬਣਾਈ ਹਰ ਚੀਜ਼ ਚੰਗੀ ਸੀ, ਤਾਂ ਹੁਣ ਸਭ ਕੁਝ ਚੰਗਾ ਕਿਉਂ ਨਹੀਂ ਹੈ? ਇਸ ਅਧਿਐਨ ਵਿਚ ਅੱਗੇ ਅਸੀਂ ਇਹੋ ਜਾਣਨ ਦੀ ਕੋਸ਼ਿਸ਼ ਕਰਾਂਗੇ।

## II. ਬਾਗ਼-ਏ-ਅਦਨ ਵਿਚ

1. ਹੁਣ ਤੁਸੀਂ ਅਦਨ ਨਾਮਕ ਬਾਗ਼ ਤੇ ਵਿਚਾਰ ਕਰੋ। ਅਦਨ ਬਾਗ਼ ਵਿਚ ਕੀ ਸੀ?

[ਸਿੱਖਣ ਵਾਲੇ ਨੂੰ ਉਤਪਤ 2:9 ਪੜ੍ਹਨ ਲਈ ਕਹੋ।] ਬਾਗ਼ ਦੇ ਵਿਚਕਾਰ ਦੋ ਰੁੱਖ ਸਨ। ਬਾਗ਼ ਦੇ ਵਿਚਕਾਰ ਦੋ ਰੁੱਖਾਂ ਨੂੰ *ਕੀ ਨਾਂਅ* ਦਿੱਤੇ ਗਏ ਸਨ? [''ਜ਼ਿੰਦਗੀ'' ਅਤੇ ''ਭਲੇ'' ਅਤੇ ''ਬੁਰੇ'' ਨਾਲ ਖਾਲੀ ਥਾਂ ਭਰੋ।]

[ਅਧਿਐਨ ਸ਼ੀਟ ਨੂੰ ਪਲਟ ਕੇ, ਅਤੇ *ਪਿਛਲੇ ਪਾਸੇ* ਦੋ ਰੁੱਖ ਬਣਾ ਕੇ ਉਨ੍ਹਾਂ ਨੂੰ ''ਭਲੇ ਅਤੇ ਬੁਰੇ ਦੇ ਗਿਆਨ'' ਅਤੇ ''ਜ਼ਿੰਦਗੀ'' ਦਾ ਨਾਂਅ ਦਿਓ। ਇਹ ਵੇਖਣ ਲਈ ਕਿ ਇਸ ਅਧਿਆਇ ਲਈ ਤੁਹਾਡਾ ਬਣਾਇਆ ਰੇਖਾ ਚਿੱਤਰ ਕਿਹੋ ਜਿਹਾ ਹੋਵੇ, ਸਫ਼ਾ 114 ਤੇ ਰੇਖਾ ਚਿੱਤਰ ਵੇਖੋ। ਸਿਰਫ਼ ਦੋ ਹੀ ਰੁੱਖ *ਬਣਾਓ,* ਇਸੇ ਤਰ੍ਹਾਂ ਆਦਮ ਅਤੇ ਹੱਵਾਹ ਨੂੰ ਵਿਖਾਉਣ ਲਈ ਛੋਟਾ ਰੇਖਾ ਚਿੱਤਰ ਬਣਾ ਕੇ ਉਨ੍ਹਾਂ ਦੇ ਸਿਰ ਵੱਡੇ, ਅੱਖਾਂ ਛੋਟੀ ਲਾਈਨ ਨਾਲ ਬਣਾਓ। ਅਧਿਆਇ ਦੀ ਉਸ ਸਮੱਗਰੀ ਤਕ ਆਉਣ ਲਈ ਜਿਸ ਵਿਚ ਸ਼ੀਟ ਦੇ ਪਿੱਛੇ ਰੇਖਾ ਚਿੱਤਰ ਵਿਚ ਹੋਰ ਸੁਝਾਅ ਹਨ, ਉਡੀਕ ਕਰੋ।]

ਬਾਈਬਲ ਵਿਚ ਨਾਂਵਾਂ ਦੀ ਖ਼ਾਸ ਅਹਿਮੀਅਤ ਹੈ। ਤੁਹਾਨੂੰ ਕੀ ਲੱਗਦਾ ਹੈ ਕਿ ਉਨ੍ਹਾਂ ਨੂੰ ''ਜ਼ਿੰਦਗੀ ਦਾ ਰੁੱਖ'' ਅਤੇ ''ਭਲੇ ਅਤੇ ਬੁਰੇ ਦੇ ਗਿਆਨ ਦਾ ਰੁੱਖ'' ਕਿਉਂ ਕਿਹਾ ਗਿਆ ਸੀ? ਕੀ ਤੁਹਾਨੂੰ ਲੱਗਦਾ ਹੈ ਕਿ ਉਸ ਰੁੱਖ ਨੂੰ ''ਜ਼ਿੰਦਗੀ'' ਅਤੇ ''ਭਲੇ ਅਤੇ ਬੁਰੇ ਦਾ ਗਿਆਨ'' ਇਸ ਲਈ ਕਿਹਾ ਗਿਆ ਸੀ ਕਿਉਂਕਿ ਉਨ੍ਹਾਂ ਦੇ ਫ਼ਲ ਖਾ ਕੇ ਆਦਮ ਅਤੇ ਹੱਵਾਹ ਨੂੰ ਰੁੱਖ ਦੇ ਨਾਂਅ ਅਨੁਸਾਰ ਨਤੀਜਾ ਮਿਲਣਾ ਸੀ।

2. ਖ਼ੁਦਾ ਨੇ ਕੀ ਕਿਹਾ ਸੀ ਕਿ ਜੇ ਉਹ ਭਲੇ ਅਤੇ ਬੁਰੇ ਦੇ ਗਿਆਨ ਦੇ ਰੁੱਖ ਦਾ ਫ਼ਲ ਖਾਣਗੇ ਤਾਂ ਕੀ ਹੋਵੇਗਾ? [ਉਹ ਨੂੰ ਉਤਪਤ 2:17 ਪੜ੍ਹਨ ਲਈ ਕਹੋ।] ਜੇ ਉਹ ਭਲੇ ਅਤੇ ਬੁਰੇ ਦੇ ਗਿਆਨ ਦੇ ਰੁੱਖ ਤੋਂ ਖਾਣਗੇ ਤਾਂ ਉਨ੍ਹਾਂ ਨੂੰ ਕੀ ਹੋਵੇਗਾ? [ਖਾਲੀ ਥਾਂ ਵਿਚ ''ਮਰ ਜਾਣਗੇ'' ਭਰੋ।]

ਇਸ ਭਾਗ ਵਿਚ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਕਿ ਖ਼ੁਦਾ ਸਾਨੂੰ ਸਾਡੇ ਕੀਤੇ ਗਏ ਕੰਮਾਂ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ। ਅਸੀਂ ਕੁਝ ਵੀ ਕਰੀਏ ਉਹ ਸਰੀਰਕ, ਭਾਵਨਾਤਮਕ, ਮਾਨਸਿਕ, ਸਮਾਜਿਕ, ਨੈਤਿਕ ਆਤਮਿਕ ਰੂਪ ਵਿਚ ਸਾਨੂੰ ਕਿਸੇ ਨਾ ਕਿਸੇ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਇਸ ਰੁੱਖ ਦਾ ਫਲ ਖਾਣ ਨਾਲ ਉਨ੍ਹਾਂ ਦੀਆਂ ਜ਼ਿੰਦਗੀਆਂ ਪ੍ਰਭਾਵਿਤ ਹੁੰਦੀਆਂ ਹਨ।

## III. ਅਜ਼ਮਾਇਸ਼

1. ਹੁਣ ਅਸੀਂ ਭਲੇ ਅਤੇ ਬੁਰੇ ਦੇ ਗਿਆਨ ਦੇ ਰੁੱਖ ਤੋਂ ਖਾਣ ਲਈ ਹੱਵਾਹ ਦੇ ਭਰਮਾਇਆ ਜਾਣ ਤੇ ਵਿਚਾਰ ਕਰਾਂਗੇ। ਸੱਪ ਨੇ ਉਸਨੂੰ ਕਿਵੇਂ ਭਰਮਾਇਆ [ਸਿੱਖਣ ਵਾਲੇ ਨੂੰ ਉਤਪਤ 3:1 ਪੜ੍ਹਨ ਲਈ ਕਹੋ।] ਉਸ ਨੇ ਉਹਨੂੰ ਭਰਮਾਉਣ ਲਈ *ਕੀ* ਕਿਹਾ? [ਖਾਲੀ ਥਾਂ ਵਿਚ ''ਖਾਣਾ'' ਭਰ ਲਓ।] ਇਸ ਨਾਲ ਹੱਵਾਹ ਕਿਉਂ ਭਰਮਾਈ ਗਈ? ਭਲਾ ਉਹ ਇਸ ਲਈ ਭਰਮਾਈ ਗਈ ਕਿਉਂਕਿ ਇਸ ਨਾਲ ਉਸਦੇ ਮਨ ਵਿਚ ਖ਼ੁਦਾ ਦੀ ਗੱਲ ਤੇ ਸ਼ੱਕ ਪੈਦਾ ਹੋ ਗਿਆ ਸੀ।

2. ਭਲਾ ਹੱਵਾਹ ਨੂੰ ਪਤਾ ਸੀ ਕਿ ਉਸ ਰੁੱਖ ਦੇ ਫਲ ਤੋਂ ਖਾ ਕੇ ਉਹ ਮਰ ਜਾਵੇਗੀ? [ਉਸ ਨੂੰ ਉਤਪਤ 3:3 ਪੜ੍ਹਨ ਦਿਓ।] ਹੱਵਾਹ ਨੇ *ਕੀ* ਕਿਹਾ ਕਿ ਖ਼ੁਦਾ ਨੇ ਉਸ ਨੂੰ ਕਿਹਾ ਸੀ ਕਿ ਜੇ ਉਹ ਉਸ ਰੁੱਖ ਦੇ ਫਲ ਤੋਂ ਖਾਣਗੇ ਤਾਂ ਕੀ ਹੋਵੇਗਾ? [ਖਾਲੀ ਥਾਂ ਵਿਚ ''ਮਰ ਜਾਣਗੇ''

ਭਰ ਲਓ।]

3. ਸੱਪ ਦਾ ਕੀ ਜਵਾਬ ਸੀ? [ਉਸ ਨੂੰ ਉਤਪਤ 3:4, 5 ਪੜ੍ਹਨ ਦਿਓ।] ਸੱਪ ਨੇ *ਕੀ* ਕਿਹਾ ਕਿ ਕੀ ਨਹੀਂ ਹੋਵੇਗਾ ਅਤੇ ਉਸਨੇ *ਕਿਹੜੀਆਂ* ਦੋ ਗੱਲਾਂ ਕਹੀਆਂ ਹੋਣਗੀਆਂ? [ੳ. ''ਤੁਸੀਂ ਨਹੀਂ ਮਰੋਗੇ''; ਅ. ''ਤੁਹਾਡੀਆਂ ਅੱਖਾਂ ਖੁੱਲ੍ਹ ਜਾਣਗੀਆਂ''; ੲ. ''ਤੁਸੀਂ ਭਲੇ ਅਤੇ ਬੁਰੇ ਦੀ ਸਿਆਣ ਪਾ ਲਓਗੇ'' ਭਰੋ।]

ਇਸ ਵਿੱਚੋਂ ਸੱਪ ਦੀਆਂ ਕਿਹੜੀਆਂ ਗੱਲਾਂ ਸਹੀ ਅਤੇ ਗਲਤ ਹਨ? ਕੀ ਉਹ ਮਰ ਜਾਣਗੇ? ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਖ਼ੁਦਾ ਨੇ ਕਿਹਾ ਸੀ ਕਿ ਉਹ ਮਰ ਜਾਣਗੇ। ਅਖੀਰ ਵਿਚ ਇਹ ਸਹੀ ਹੈ। ਪਰ ਇਹਦਾ ਮਤਲਬ ਕੀ ਸੀ ਕਿ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਜਾਣਗੀਆਂ ਅਤੇ ਉਹ ਭਲੇ ਅਤੇ ਬੁਰੇ ਦੀ ਸਿਆਣ ਪਾ ਕੇ ਖ਼ੁਦਾ ਦੇ ਬਰਾਬਰ ਹੋ ਜਾਣਗੇ? ਭਲਾ ਇਹ ਦੋਵੇਂ ਗੱਲਾਂ ਸਹੀ ਹਨ ਜਾਂ ਗਲਤ? ਇਸ ਬਾਰੇ ਅਸੀਂ ਪਾਠ ਵਿਚ ਅੱਗੇ ਸਮਝਾਂਗੇ।

4. ਹੱਵਾਹ ਨੂੰ ਉਹ ਫ਼ਲ ਵੇਖਣ ਵਿਚ ਕਿਹੋ ਜਿਹਾ ਲੱਗਾ? [ਉਸ ਤੋਂ ਉਤਪਤ 3:6 ਪੜ੍ਹਾਓ।] ਉਸ ਰੁੱਖ ਦੇ ਫਲ ਵਿਚ ਹੱਵਾਹ ਨੂੰ ਕਿਹੜੀਆਂ ਤਿੰਨ ਗੱਲਾਂ ਮਿਲੀਆਂ? [ੳ. ''ਖਾਣ ਲਈ ਚੰਗਾ''; ਅ. ''ਅੱਖੀਆਂ ਨੂੰ ਭਾਉਂਦਾ'' ; ਅਤੇ ੲ. ''ਬੁੱਧ ਦੇਣ ਲਈ ਲੋੜੀਦਾ'' ਭਰ ਲਓ।] *ਕੀ* ਹੱਵਾਹ ਦਾ ਧਿਆਨ ਉਸ ਰੁੱਖ ਦੇ ਫਲ ਦੀਆਂ ਚੰਗੀਆਂ ਗੱਲਾਂ ਵੱਲ ਸੀ ਜਾਂ ਬੁਰੀਆਂ ਉੱਤੇ? ਭਲਾ ਉਹ ਰੁੱਖ ਦੇ ਬੁਰੇ ਨਤੀਜੇ ਤੇ ਧਿਆਨ ਦੇਣ ਕਰਕੇ ਭਰਮਾਈ ਗਈ ਸੀ?

ਧਿਆਨ ਦਿਓ ਕਿ ਰੁੱਖ ਦੇ ਫਲ ਦੀਆਂ ਜਿਨ੍ਹਾਂ ਗੱਲਾਂ ਵਿਚ ਹਵਾਹ ਖਿੱਚੀ ਗਈ ਉਹ 1 ਯੂਹੰਨਾ 2:16 ਵਿਚ ਸੰਸਾਰ ਦੀਆਂ ਵਸਤਾਂ ਹਨ ਅਸੀਂ ਆਪਣੇ ਆਪ ਨੂੰ ਉਸ ਨਾਲ ਮਿਲਾ ਸਕਦੇ ਹਾਂ, ਕਿਉਂਕਿ ਅਸੀਂ ਸੰਸਾਰ ਦੀਆਂ ਵਸਤਾਂ ਦੇ ਉਸ ਖਿੱਚ ਨਾਲ ਪਾਪ ਵਿਚ ਫਸਦੇ ਹਾਂ।

ਹੱਵਾਹ ਨੂੰ ਇਹ ਪਤਾ ਹੋਣ ਦੇ ਬਾਵਜੂਦ ਵੀ ਕਿ ਭਲੇ ਅਤੇ ਬੁਰੇ ਦੀ ਸਿਆਣ ਦੇ ਰੁੱਖ ਦਾ ਫ਼ਲ ਖਾਣ ਨਾਲ ਉਹ ਮਰ ਜਾਣਗੇ, ਉਸ ਨੇ ਫਲ ਖਾਧਾ। ਅਸੀਂ ਵੀ ਬਹੁਤ ਸਾਰੀਆਂ ਗਲਤ ਗੱਲਾਂ ਕਰਦੇ ਹਾਂ, ਇਹ ਜਾਣਦੇ ਹੋਏ ਕਿ ਜੋ ਅਸੀਂ ਕਰ ਰਹੇ ਹਾਂ ਉਹ ਪਾਪ ਹੈ। ਸ਼ਾਇਦ ਇਸ ਲਈ ਸਾਨੂੰ ਹੱਵਾਹ ਦੇ ਕੀਤੇ ਉੱਤੇ ਦਿਆ ਕਰਨੀ ਚਾਹੀਦੀ ਹੈ।

## IV. ਨਤੀਜੇ

1. ਹੁਣ ਅਸੀਂ ਭਲੇ ਅਤੇ ਬੁਰੇ ਦੇ ਗਿਆਨ ਦੇ ਰੁੱਖ ਦੇ ਫ਼ਲ ਖਾਣ ਦੇ ਸਿੱਟਿਆਂ ਤੇ ਵਿਚਾਰ ਕਰਾਂਗੇ। ਆਦਮ ਅਤੇ ਹੱਵਾਹ ਦੀਆਂ ਅੱਖਾਂ ਨੂੰ ਕੀ ਹੋਇਆ? [ਉਸ ਨੂੰ ਉਤਪਤ 3:7 ਪੜ੍ਹਨ ਦਿਓ।] ਉਨ੍ਹਾਂ ਦੀਆਂ ਅੱਖਾਂ ਨੂੰ ਕੀ ਹੋ ਗਿਆ ਸੀ? [ਖਾਲੀ ਥਾਂ ਵਿਚ ''ਖੁੱਲ੍ਹ ਗਈਆਂ'' ਭਰ ਲਓ। *ਪਿਛਲੇ ਪਾਸੇ* ਆਦਮ ਅਤੇ ਹੱਵਾਹ ਨੂੰ ਵਿਖਾਉਣ ਲਈ ਅੱਖਾਂ ਦਾ ਰੇਖਾ ਚਿੱਤਰ ਬਣਾਓ। ਵੇਖੋ ਸਫ਼ਾ: 114 ]

ਭਲਾ ਇਸ ਦਾ ਅਰਥ ਇਹ ਹੈ ਕਿ ਉਹ ਬਾਗ਼ ਵਿਚ ਅੱਖਾਂ ਬੰਦ ਕਰਕੇ ਘੁੰਮਦੇ ਸਨ? ਕੀ ਇਸ ਦਾ ਅਰਥ ਇਹ ਨਹੀਂ ਕਿ ਉਨ੍ਹਾਂ ਦੀਆਂ ਅੱਖਾਂ ਨੈਤਿਕਤਾ ਲਈ ਅਰਥਾਤ ਭਲੇ ਅਤੇ ਬੁਰੇ ਦੇ ਗਿਆਨ ਲਈ ਬੰਦ ਸਨ ਅਤੇ ਉਸ ਰੁੱਖ ਦਾ ਫਲ ਖਾਣ ਨਾਲ ਭਲੇ ਅਤੇ ਬੁਰੇ ਲਈ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਸਨ। ਰੁੱਖ ਦਾ ਫ਼ਲ ਖਾਣ ਨਾਲ ਪਹਿਲਾਂ ਉਨ੍ਹਾਂ ਨੂੰ ਭਲੇ ਅਤੇ ਬੁਰੇ ਦੀ ਚਿੰਤਾ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਭਲੇ ਅਤੇ ਬੁਰੇ ਦੀ ਸਿਆਣ ਨਹੀਂ ਸੀ, ਪਰ ਅੱਖਾਂ ਖੁੱਲ੍ਹਦਿਆਂ ਹੀ ਉਨ੍ਹਾਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਉਹ ਨੰਗੇ ਹਨ। ਉਨ੍ਹਾਂ ਵਿਚ ਨੈਤਿਕ

ਸਮਝ ਆ ਗਈ ਸੀ।

2. ਸੱਪ ਨੂੰ ਸਜ਼ਾ ਕਿਵੇਂ ਦਿੱਤੀ ਗਈ ਸੀ? [ਉਤਪਤ 3:14 ਪੜ੍ਹੋ।] ਇਸ ਦੇ ਬਾਅਦ ਉਸ ਨੇ *ਕਿਸ* ਦੇ ਭਾਰ ਰਿੜ੍ਹਨਾ ਸੀ? [ਖਾਲੀ ਥਾਂ ਵਿਚ ''ਢਿੱਡ ਦੇ ਭਾਰ'' ਭਰ ਲਓ।]

3. ਔਰਤ ਨੂੰ ਕੀ ਸਜ਼ਾ ਮਿਲਣੀ ਸੀ? [ਉਤਪਤ 3:16 ਪੜ੍ਹੋ।] ਬੱਚੇ ਨੂੰ ਜਨਮ ਦਿੰਦੇ ਸਮੇਂ ਉਸ ਲਈ *ਕੀ* ਵਧਣੀ ਸੀ ਅਤੇ ਆਦਮੀ ਨੇ ਉਸ ਉੱਤੇ *ਕੀ* ਚਲਾਉਣਾ ਸੀ? [ਖਾਲੀ ਥਾਂ ਵਿਚ ''ਪੀੜ'' ਅਤੇ ''ਹੁਕਮ'' ਭਰ ਦਿਓ।]

4. ਖ਼ੁਦਾ ਨੇ ਜ਼ਮੀਨ ਦਾ *ਕੀ* ਕੀਤਾ? [ਉਤਪਤ 3:17 ਪੜ੍ਹੋ ਅਤੇ ਖਾਲੀ ਥਾਂ ਵਿਚ ''ਸਰਾਪ'' ਭਰ ਲਓ।] ਖ਼ੁਦਾ ਨੇ ਆਦਮੀ ਨੂੰ ਹੋਰ ਕਿਹੜੀ ਸਜ਼ਾ ਦੇਣ ਦਾ ਵਾਅਦਾ ਕੀਤਾ? [ਉਤਪਤ 3:19 ਪੜ੍ਹੋ।] ਆਦਮ *ਨੇ ਕਿਸ* ਵਿਚ ਮੁੜ ਜਾਣਾ ਸੀ? [ਖਾਲੀ ਥਾਂ ਵਿਚ ''ਮਿੱਟੀ'' ਭਰ ਲਓ।]

5. ਭਲਾ ਆਦਮ ਅਤੇ ਹੱਵਾਹ ਦਾ ਸੁਭਾਅ ਰੁੱਖ ਦਾ ਫਲ ਖਾਣ ਨਾਲ ਭ੍ਰਸ਼ਟ ਹੋ ਗਿਆ ਸੀ? [ਉਤਪਤ 3:22 ਪੜ੍ਹੋ।] ਖ਼ੁਦਾ ਨੇ ਕੀ ਕਿਹਾ ਕਿ ਆਦਮ *ਕਿਹਦੇ* ਵਰਗਾ ਹੋ ਗਿਆ ਹੈ? [ਖਾਲੀ ਥਾਂ ਵਿਚ ''ਸਾਡੇ'' ਭਰ ਲਓ।] ਆਦਮ ਖ਼ੁਦਾ ਵਰਗਾ ਕਿਵੇਂ ਬਣ ਗਿਆ ਸੀ? ਆਦਮ ਨੂੰ *ਕੀ* ਪਤਾ ਲੱਗ ਗਿਆ ਸੀ? [ਖਾਲੀ ਥਾਂ ਵਿਚ ''ਭਲਾ'' ਅਤੇ ''ਬੁਰਾ'' ਭਰ ਲਓ।] *ਪਿਛਲੇ ਪਾਸੇ* ਆਦਮ ਅਤੇ ਹੱਵਾਹ ਦੇ ਹੇਠਾਂ ਲਿਖ ਲਓ, ''ਅੱਖਾਂ ਖੁੱਲ੍ਹ ਗਈਆਂ। – ਖ਼ੁਦਾ ਵਾਂਗ ਭਲੇ ਅਤੇ ਬੁਰੇ ਦੀ ਸਿਆਣ ਹੋ ਜਾਂਦੀ ਹੈ।'' ਵੇਖੋ ਸਫ਼ਾ 114। ]

ਜੇ ਭਲੇ ਅਤੇ ਬੁਰੇ ਦੀ ਸਿਆਣ ਹੋਣ ਦਾ ਅਰਥ ਹੈ ਕਿ ਆਦਮ ਅਤੇ ਹੱਵਾਹ ਬਦਚਲਨ ਹੋ ਗਏ ਤਾਂ ਇਸ ਦਾ ਅਰਥ ਹੋਇਆ ਕਿ ਖ਼ੁਦਾ ਵੀ ਭ੍ਰਸ਼ਟ ਹੈ ਕਿਉਂਕਿ ਉਸਨੂੰ ਵੀ ਭਲੇ ਅਤੇ ਬੁਰੇ ਦੀ ਸਿਆਣ ਹੈ।

ਭਲੇ ਅਤੇ ਬੁਰੇ ਦੀ ਸਿਆਣ ਪਾਉਣ ਵਿਚ ਭਲੇ ਅਤੇ ਬੁਰੇ ਵਿਚ ਫ਼ਰਕ ਪਛਾਣਨ ਦੀ ਯੋਗਤਾ ਵੀ ਸ਼ਾਮਿਲ ਹੈ, ਜਿਸ ਦਾ ਅਰਥ ਇਹ ਹੋਵੇਗਾ ਕਿ ਮਨੁੱਖ ਜਾਤੀ ਨੂੰ ਨੈਤਿਕ ਪਸੰਦ ਚੁਣਨ ਵਿਚ ਮੁਸ਼ਕਿਲ ਹੋਵੇਗੀ।

ਮਨੁੱਖ ਹੁਣ ਬੁਰਾਈ ਕਰਨ ਲਈ ਭਟਕ ਸਕਦਾ ਸੀ। ਇਸ ਤੋਂ ਪਹਿਲਾਂ, ਉਨ੍ਹਾਂ ਨੂੰ ਇਖ਼ਲਾਕੀ ਫੈਸਲੇ ਲੈਣ ਵਿਚ ਕੋਈ ਮੁਸ਼ਕਿਲ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਭਲੇ ਅਤੇ ਬੁਰੇ ਦੀ ਸਿਆਣ ਹੀ ਨਹੀਂ ਸੀ। ਹੁਣ ਉਹ ਗਲਤ ਪਸੰਦ ਚੁਣ ਸਕਦੇ ਸਨ ਅਤੇ ਇਹ ਪਸੰਦ ਪਾਪ ਨਾਲ ਭਰੀ ਹੋਈ ਸੀ। ਫਲ ਖਾਣ ਤੋਂ ਪਹਿਲਾਂ ਉਨ੍ਹਾਂ ਨੂੰ ਭਲੇ ਅਤੇ ਬੁਰੇ ਦਾ ਗਿਆਨ ਨਹੀਂ ਸੀ ਅਤੇ ਇਸ ਕਾਰਣ ਉਹ ਪਾਪ ਕਰਨ ਨੂੰ ਨਹੀਂ ਚੁਣ ਸਕਦੇ ਸਨ।

## V. ਭਲਾ ਬੱਚਿਆਂ ਨੂੰ ਪੈਦਾ ਹੋਣ ਵੇਲੇ ਭਲੇ ਅਤੇ ਬੁਰੇ ਦੀ ਸਿਆਣ ਹੁੰਦੀ ਹੈ?

1. ਕੀ ਬੱਚਿਆਂ ਨੂੰ ਸੰਸਾਰ ਵਿਚ ਜਨਮ ਲੈਣ ਸਮੇਂ ਭਲੇ ਅਤੇ ਬੁਰੇ ਦਾ ਗਿਆਨ ਹੁੰਦਾ ਹੈ [ਵਿਵਸਥਾਸਾਰ 1:39 ਪੜ੍ਹੋ। ਖਾਲੀ ਥਾਂ ਵਿਚ ''ਨਹੀਂ'' ਭਰੋ।]

2. ਉਨ੍ਹਾਂ ਨੂੰ ਭਲੇ ਅਤੇ ਬੁਰੇ ਦੀ ਸਿਆਣ ਨਹੀਂ ਹੁੰਦੀ, ਇਸ ਲਈ ਕੀ ਉਹ ਭਲਾਈ ਅਤੇ ਬੁਰਾਈ ਕਰਨਾ ਚੁਣ ਸਕਦੇ ਹਨ? [ਯਸਾਯਾਹ 7:16 ਪੜ੍ਹੋ।] ਉਨ੍ਹਾਂ ਨੂੰ *ਕੀ* ਕਰਨਾ ਨਹੀਂ ਆਉਂਦਾ? [ਖਾਲੀ ਥਾਂ ਵਿਚ ਬੁਰੇ ਦਾ ''ਨਕਾਰਨਾ'' ਅਤੇ ਭਲੇ ਨੂੰ ''ਕਬੂਲ ਕਰਨਾ'' ਭਰ ਲਓ।]।

3. ਜੇ ਕੋਈ ਭਲੇ ਅਤੇ ਬੁਰੇ ਵਿੱਚੋਂ ਹੋਣਾ ਕਰਨਾ ਨਹੀਂ ਜਾਣਦਾ ਤਾਂ ਉਹ ਪਾਪ ਕਿਵੇਂ ਕਰ ਸਕਦਾ ਹੈ? [ਯੂਹੰਨਾ 9:41 ਪੜ੍ਹੋ।] ਜੇ ਕੋਈ ਅੰਨ੍ਹਾ ਹੈ, ਤਾਂ ਉਸ ਵਿਚ *ਕੀ ਨਹੀਂ* ਹੈ? [ਖਾਲੀ ਥਾਂ ਵਿਚ ''ਪਾਪ'' ਭਰ ਲਓ।]

''ਅੰਨ੍ਹੇ'' ਤੋਂ ਯਿਸੂ ਦਾ ਕੀ ਭਾਵ ਹੈ? ਭਲਾ ਉਹ ਸਰੀਰਿਕ ਅੰਨ੍ਹੇਪਣ ਦੀ ਗੱਲ ਕਰ ਰਿਹਾ ਹੈ? ਭਲਾ ਉਸਦਾ ''ਅੰਨ੍ਹਾ'' ਕਹਿਣ ਦਾ ਮਤਲਬ ਵੇਖਣ ਅਤੇ ਸਮਝਣ ਦੀ ਯੋਗਤਾ ਨਹੀਂ ਹੈ? ਭਲਾ ਯਿਸੂ ਇਹ ਨਹੀਂ ਸਿਖਾ ਰਿਹਾ ਸੀ ਕਿ ਜੋ ਆਦਮੀ ਸਮਝਣ ਵਿਚ ਨਾਕਾਮ ਹੈ ਉਸਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਂਦਾ ਅਤੇ ਇਸ ਕਰਕੇ ਖ਼ੁਦਾ ਵੱਲੋਂ ਉਸ ਨੂੰ ਪਾਪੀ ਨਹੀਂ ਮੰਨਿਆ ਜਾਂਦਾ? ਭਲਾ ਬੱਚੇ ਵੀ ਇਸੇ ਵਰਗ ਵਿਚ ਨਹੀਂ ਆਉਂਦੇ?

## VI. ਭਲਾ ਬੱਚੇ ਪੈਦਾਇਸ਼ੀ ਪਾਪੀ ਹੁੰਦੇ ਹਨ?

1. ਜੇ ਭਲੇ ਅਤੇ ਬੁਰੇ ਦਾ ਗਿਆਨ ਪਾਏ ਬਿਨਾਂ ਕੋਈ ਪਾਪ ਨਹੀਂ ਕਰ ਸਕਦਾ, ਤਾਂ ਬੱਚੇ ਲਈ ਆਪਣੇ ਮਾਤਾ–ਪਿਤਾ ਤੋਂ ਪਾਪ ਮੀਰਾਸ ਵਿਚ ਪਾ ਕੇ ਇਸ ਸੰਸਾਰ ਵਿਚ ਪਾਪੀ ਪੈਦਾ ਹੋਣਾ ਸੰਭਵ ਕਿਵੇਂ ਹੈ? ਭਲਾ ਪੁੱਤਰ ਪਿਤਾ ਦੇ ਪਾਪ ਦਾ ਬੋਝ ਚੁੱਕਦਾ ਹੈ? [ਹਿਜ਼ਕੀਏਲ 18:20 ਪੜ੍ਹੋ।] ਪੁੱਤਰ *ਕਿਸ ਦਾ* ਪਾਪ ਨਹੀਂ ਚੁੱਕਦਾ? [ਖਾਲੀ ਥਾਂ ਵਿਚ ''ਪਿਤਾ'' ਭਰ ਲਓ।] ਕੀ ਇਹ ਆਇਤ ਇਹ ਸਿਖਾਉਂਦੀ ਹੈ ਕਿ ਹਰ ਆਦਮੀ ਖ਼ੁਦਾ ਦੇ ਸਾਹਮਣੇ ਆਪਣੇ ਹੀ ਪਾਪਾਂ ਲਈ ਜ਼ਿੰਮੇਵਾਰ ਹੈ, ਆਪਣੇ ਮਾਤਾ–ਪਿਤਾ ਦੇ ਪਾਪਾਂ ਲਈ ਨਹੀਂ?

*ਨਤੀਜੇ* ਅਤੇ *ਦੋਸ਼* ਵਿਚ ਫ਼ਰਕ ਕਰਨਾ ਨਾ ਭੁੱਲੋ। ਅਸੀਂ ਸਭ ਆਦਮ ਅਤੇ ਹੱਵਾਹ ਦੇ ਪਾਪ ਦੇ ਨਤੀਜੇ ਕਰਕੇ ਮਰਦੇ ਹਾਂ। ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਉਨ੍ਹਾਂ ਦੇ ਪਾਪ ਦੇ ਕਾਰਨ ਦੋਸ਼ੀ ਠਹਿਰ ਕੇ ਪਾਪੀ ਮੰਨੇ ਜਾਂਦੇ ਹਾਂ। ਜੇ ਕੋਈ ਆਦਮੀ ਆਪਣੇ ਬੱਚਿਆਂ ਨੂੰ ਕੁੱਟ ਕੇ ਮਾਰ ਦਿੰਦਾ ਹੈ, ਤਾਂ ਉਹਨੂੰ ਪਾਪ ਦਾ ਨਤੀਜਾ ਭੁਗਤਣਾ ਪਵੇਗਾ। ਪਰ ਉਸ ਦੇ ਪਾਪ ਦੇ ਕਾਰਨ ਬੱਚੇ ਦੋਸ਼ੀ *ਨਹੀਂ* ਹੋਣਗੇ।

2. ਬੱਚੇ ਨੂੰ ਆਤਮਾ ਕਿੱਥੋਂ ਮਿਲਦੀ ਹੈ? [ਜ਼ਕਰਯਾਹ 12:1 ਪੜ੍ਹੋ।] ਖ਼ੁਦਾ ਮਨੁੱਖ ਦੇ ਅੰਦਰ *ਕੀ* ਰਚਦਾ ਹੈ? [ਖਾਲੀ ਥਾਂ ਵਿਚ ''ਆਤਮਾ'' ਭਰ ਲਓ।] ਆਤਮਾਵਾਂ ਦਾ ਪਿਤਾ ਕੌਣ ਹੈ? [ਇਬਰਾਨੀਆਂ 12:9 ਪੜ੍ਹੋ।] ਖ਼ੁਦਾ ਆਤਮਾਵਾਂ ਦਾ ਕੀ ਹੈ? [ਖਾਲੀ ਥਾਂ ਵਿਚ ''ਪਿਤਾ'' ਭਰ ਲਓ।]

ਇਹ ਸੱਚਾਈ ਹੈ ਕਿ ਸਾਨੂੰ ਆਤਮਾ ਖ਼ੁਦਾ ਵੱਲੋਂ ਮਿਲਦੀ ਹੈ (ਉਪਦੇਸ਼ਕ ਦੀ ਪੋਥੀ 12:7 ਤੇ ਵੀ ਵਿਚਾਰ ਕਰੋ)। ਇਸ ਦਾ ਅਰਥ ਹੈ ਕਿ ਅਸੀਂ ਸੰਸਾਰ ਵਿਚ ਪਾਪੀ ਆਤਮਾ ਨਾਲ ਪੈਦਾ ਨਹੀਂ ਹੁੰਦੇ , ਕਿਉਂਕਿ ਜੇ ਅਸੀਂ ਪਾਪੀ ਆਤਮਾ ਨਾਲ ਪੈਦਾ ਹੁੰਦੇ ਹਾਂ, ਤਾਂ ਖ਼ੁਦਾ ਹੀ ਬੁਰਾਈ ਦਾ ਦੇਣ ਵਾਲਾ ਹੈ, ਜੋ ਕਿ ਬਿਨਾਂ ਕਿਸੇ ਸ਼ੱਕ ਦੇ, ਸੰਭਵ ਨਹੀਂ ਹੈ (ਯਾਕੂਬ 1:13)।

3. ਸੁਰਗ ਦਾ ਰਾਜ ਕਿਨ੍ਹਾਂ ਲੋਕਾਂ ਦਾ ਹੈ? [ਮੱਤੀ 19:14 ਪੜ੍ਹੋ।] ਸੁਰਗ ਦਾ ਰਾਜ ਉਨ੍ਹਾਂ ਲੋਕਾਂ ਦਾ ਹੈ ਜੋ ਕਿਹਦੇ ਵਰਗੇ ਹਨ? [ਖਾਲੀ ਥਾਂ ਵਿਚ ''ਬੱਚਿਆਂ'' ਭਰ ਲਓ।] ਜੇ ਛੋਟੇ ਬੱਚੇ ਸ਼ੁੱਧ, ਪਵਿੱਤਰ, ਹਲੀਮ ਅਤੇ ਭੋਲੇ ਹਨ ਤਾਂ ਸੁਰਗ ਦਾ ਰਾਜ ਉਨਾਂ ਲੋਕਾਂ ਦਾ ਹੈ ਜੋ ਉਨ੍ਹਾਂ ਵਰਗੇ ਹਨ। ਯਕੀਨਨ ਹੀ ਸੁਰਗ ਦਾ ਰਾਜ ਉਨ੍ਹਾਂ ਲੋਕਾਂ ਦਾ ਹੈ ਜੋ ਛੋਟੇ ਬੱਚਿਆਂ ਵਾਂਗ ਪਵਿੱਤਰ, ਹਲੀਮ ਅਤੇ ਭੋਲੇ ਹਨ।

[ਅਧਿਐਨ ਸ਼ੀਟ *ਦੇ ਪਿੱਛੇ* (ਵੇਖੋ ਸਫ਼ਾ 114) ਲਿਖੋ, ''ਬੱਚੇ ਪਾਪੀ ਹਨ'':]

1. ਆਪਣੇ ਕੰਮਾਂ ਦੇ ਕਾਰਣ? ____________________

2. ਖ਼ੂਨ ਦੇ ਰਾਹੀਂ, ਅਰਥਾਤ ਮਾਤਾ ਪਿਤਾ ਦੇ ਕਾਰਣ? ____________

3. ਆਤਮਾ ਦੇ ਰਾਹੀਂ ਅਰਥਾਤ ਖ਼ੁਦਾ ਦੇ ਕਾਰਣ? ____________

ਉਹਨੂੰ ਖਾਲੀ ਥਾਂ ਭਰਨ ਦਿਓ। ਇਸ ਅਧਿਆਇ ਤੋਂ ਇਹ ਸਮਝ ਆ ਜਾਣੀ ਚਹੀਦੀ ਹੈ ਕਿ ਤਿੰਨਾਂ ਸਵਾਲਾਂ ਦਾ ਜਵਾਬ ''ਨਹੀਂ'' ਹੈ।]

**ਸਾਰ**

[ਅਧਿਆਇ ਨੂੰ ਖ਼ਤਮ ਕਰਦੇ ਹੋਏ, ਇਹ ਵੇਖਣ ਲਈ ਕਿ ਸਿੱਖਣ ਵਾਲਾ ਸਹੀ ਜਵਾਬ ਦੇ ਸਕਦਾ ਹੈ, ਸਿਖਾਉਣ ਵਾਲਾ ਮੁੱਖ ਸਿਰਲੇਖ ਵਿੱਚੋਂ ਸਵਾਲ ਪੁੱਛਦਾ ਹੋਇਆ ਅਧਿਆਇ ਦੇ ਪਿੱਛੇ ਜਾਏ। ਸਿਖਾਉਣ ਵਾਲੇ ਨੂੰ ਚਾਹੀਦਾ ਹੈ ਕਿ ਉਹ ਸਵਾਲ ਪੁੱਛ ਕੇ ਵਿਦਿਆਰਥੀ ਨੂੰ ਉਸ ਦਾ ਜਵਾਬ ਦਏ।] ਇਸ ਅਧਿਆਇ ਨੂੰ ਖ਼ਤਮ ਕਰਨ ਦਾ ਇਕ ਚੰਗਾ ਤਰੀਕਾ ਅਧਿਆਇ ਦੇ ਮੁੱਖ ਸਵਾਲਾਂ ਦਾ ਜਵਾਬ ਦੇਣਾ ਹੈ।

I. *ਸੰਸਾਰ ਦੀ ਰਚਨਾ ਵਿਚ ਕੀ–ਕੀ ਸੀ।* ਸਹੀ ਜਵਾਬ ''ਬਹੁਤ ਵਧੀਆ ਅਕਾਸ਼ ਅਤੇ ਧਰਤੀ।''

II. *ਬਾਗ਼–ਏ–ਅਦਨ ਵਿਚ ਕੀ ਸੀ?* ਜ਼ਿੰਦਗੀ ਦਾ ਰੁੱਖ ਅਤੇ ਭਲੇ ਅਤੇ ਬੁਰੇ ਦੀ ਸਿਆਣ ਦਾ ਅਰਥ, ਜਿਸ ਦਾ ਫਲ ਖਾਣ ਨਾਲ ਉਹ ਮਰ ਜਾਣਗੇ।

III. *ਬਾਗ਼–ਏ–ਅਦਨ ਵਿਚ ਹੱਵਾਹ ਕਿਵੇਂ ਭਰਮਾਈ ਗਈ?* ਸੱਪ ਨੇ ਹੱਵਾਹ ਦੇ ਮਨ ਵਿਚ ਖ਼ੁਦਾ ਦੇ ਬਾਰੇ ਸ਼ੱਕ ਪਾਇਆ ਤਾਂ ਜੋ ਉਹ ਭਲੇ ਅਤੇ ਬੁਰੇ ਦੀ ਸਿਆਣ ਦੇ ਰੁੱਖ ਦੀ ਕਸ਼ਿਸ਼ ਵਾਲੇ ਗੁਣਾਂ ਤੇ ਵਿਚਾਰ ਕਰੇ, ਜਿਵੇਂ ਕਿ ਉਸਨੂੰ ਪਤਾ ਸੀ ਕਿ ਉਹ ਮਰ ਜਾਵੇਗੀ। ਸੱਪ ਨੇ ਉਸ ਨੂੰ ਕਿਹਾ ਕਿ ਜੇ ਉਹ ਉਸ ਫਲ ਤੋਂ ਖਾ ਲਵੇਗੀ ਤਾਂ ਮਰੇਗੀ ਨਹੀਂ ਅਤੇ ਕਿਹਾ ਕਿ ਭਲੇ ਅਤੇ ਬੁਰੇ ਦੀ ਸਿਆਣ ਪਾ ਕੇ ਉਹ ਖ਼ੁਦਾ ਵਰਗੀ ਬਣ ਜਾਵੇਗੀ।

IV. *ਭਲੇ ਅਤੇ ਬੁਰੇ ਦੀ ਸਿਆਣ ਦੇ ਰੁੱਖ ਦਾ ਫਲ ਖਾਣ ਦਾ ਕੀ ਨਤੀਜਾ ਹੋਇਆ?* ਸੱਪ ਨੂੰ ਢਿੱਡ ਦੇ ਭਾਰ ਚੱਲਣ ਦਾ ਸਰਾਪ ਮਿਲਿਆ। ਤੀਵੀਂ ਦੇ ਜਨਮ ਦੇਣ ਦੀ ਪੀੜ ਵਧ ਜਾਵੇਗੀ ਅਤੇ ਆਦਮੀ ਉਸ ਉੱਤੇ ਹੁਕਮ ਚਲਾਵੇਗਾ। ਜ਼ਮੀਨ ਸਰਾਪੀ ਗਈ। ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਗਈਆਂ। ਜਿਸ ਨਾਲ ਉਹ ਭਲੇ ਅਤੇ ਬੁਰੇ ਦੀ ਸਿਆਣ ਪਾ ਕੇ ਖ਼ੁਦਾ ਵਰਗੇ ਹੋ ਗਏ। ਉਹ ਮਿੱਟੀ ਵਿਚ ਮੁੜ ਜਾਵੇਗਾ ਭਾਵ ਮਰ ਜਾਵੇਗਾ।

V. ਭਲਾ ਬੱਚਿਆਂ ਨੂੰ ਪੈਦਾ ਹੋਣ ਵੇਲੇ ਭਲੇ ਅਤੇ ਬੁਰੇ ਦਾ ਗਿਆਨ ਹੁੰਦਾ ਹੈ? ਸੰਸਾਰ ਵਿਚ ਬੱਚਿਆਂ ਨੂੰ ਜਨਮ ਦੇ ਸਮੇਂ ਭਲੇ ਅਤੇ ਬੁਰੇ ਦੀ ਸਿਆਣ ਨਹੀਂ ਹੁੰਦੀ ਅਤੇ ਇਸੇ ਕਰਕੇ ਉਹ ਪਾਪ ਰਹਿਤ ਹਨ।

VI. ਭਲਾ ਬੱਚੇ ਪੈਦਾਇਸ਼ੀ ਪਾਪੀ ਹੁੰਦੇ ਹਨ ਅਤੇ ਖ਼ੁਦਾ ਉਸ ਵਿਚ ਮਨੁੱਖ ਦਾ ਆਤਮਾ ਰਚਦਾ ਹੈ। ਇਸ ਲਈ ਬੱਚਾ ਪੈਦਾ ਹੋਣ ਸਮੇਂ ਪਵਿੱਤਰ ਅਤੇ ਪਾਪ ਰਹਿਤ ਹੁੰਦਾ ਹੈ। ਸੁਰਗ ਦਾ ਰਾਜ ਉਨ੍ਹਾਂ ਲੋਕਾਂ ਦਾ ਹੀ ਹੈ ਜੋ ਛੋਟੇ ਬੱਚਿਆਂ ਵਰਗੇ ਹਨ।

ਸਿਖਾਉਣ ਵਾਲਾ ਵਿਦਿਆਰਥੀ ਨੂੰ ਪੁੱਛੇ: ਕੀ ਤੁਹਾਡਾ ਬਪਤਿਸਮਾ ਬਚਪਨ ਵਿਚ ਹੋਇਆ ਸੀ? ਕੀ ਤੁਹਾਨੂੰ ਪਤਾ ਹੈ ਕਿ ਤੁਹਾਡਾ ਬਪਤਿਸਮਾ ਕਦੋਂ ਹੋਇਆ ਸੀ? ਕੀ ਤੁਹਾਨੂੰ ਜਨਮ ਦੇ ਸਮੇਂ ਪਾਪੀ ਮੰਨ ਕੇ ਦੋਸ਼ੀ ਠਹਿਰਾਇਆ ਗਿਆ ਸੀ?

ਜੇ ਸਿਖਾਉਣ ਵਾਲਾ ਜ਼ਬੂਰ 51:5 ਉੱਤੇ ਵਿਚਾਰ ਕਰਦਾ ਹੈ ਤਾਂ ਇਹ ਦੱਸਣਾ ਚੰਗਾ ਹੋਵੇਗਾ ਕਿ ਇਸ ਆਇਤ ਦੀ ਵਰਤੋਂ ਇਕ ਬੱਚੇ ਨੂੰ ਪਾਪੀ ਸਾਬਿਤ ਕਰਨ ਲਈ ਕੀਤੀ ਜਾਂਦੀ ਹੈ। ਕਈ ਤਾਂ ਇਸ ਆਇਤ ਨੂੰ ਉਸ ਅਧਿਐਨ ਸ਼ੀਟ ਦੇ ਉਲਟ ਇਹ ਸਾਬਿਤ ਕਰਨ ਲਈ ਵਰਤਣਗੇ ਕਿ ਬੱਚੇ ਪੈਦਾਇਸ਼ੀ ਪਾਪੀ ਹੁੰਦੇ ਹਨ। ਇਸ ਤਰ੍ਹਾਂ ਉਹ NIV ਅਤੇ NRSV ਵਰਗੇ ਅਨੁਵਾਦਾਂ ਜਾਂ ਇਸ ਆਇਤ ਦੀ ਦੁਰਵਰਤੋਂ ਕਰਦੇ ਹਨ। ਮੂਲ ਭਾਸ਼ਾ ਇਬਰਾਨੀ ਵਿਚ ਸਿਰਫ਼ ਐਨਾ ਹੀ ਹੈ, ''ਵੇਖ, ਮੈਨੂੰ ਬਦੀ ਵਿਚ ਲਿਆਂਦਾ ਗਿਆ ਅਤੇ ਪਾਪ ਵਿਚ ਮੇਰੀ ਮਾਤਾ ਨੇ ਮੈਨੂੰ ਕੁੱਖ ਵਿਚ ਲਿਆ।''

ਇਸ ਆਇਤ ਤੋਂ ਪਤਾ ਲਗਦਾ ਹੈ ਕਿ ਦਾਊਦ ਆਪਣੇ ਆਪ ਨੂੰ ਐਨਾ ਨੀਵਾਂ ਕਰ ਰਿਹਾ ਹੈ ਕਿ ਉਹ ਆਪਣੇ ਜੀਵਨ ਦੀਆਂ ਉਨ੍ਹਾਂ ਕਮੀਆਂ ਉੱਤੇ ਵਿਰਲਾਪ ਕਰਦਾ ਹੈ ਜੋ ਉਸ ਆਪਣੇ ਆਲੇ ਦੁਆਲੇ ਦੇ ਗੰਦੇ ਮਾਹੌਲ ਤੋਂ ਮਿਲੀਆਂ ਸਨ। ਜਿਸ ਵਿਚ ਉਹ ਪੈਦਾ ਹੋਇਆ ਸੀ। ਜੇ ਉਹ ਸਹੀ ਹੈ, ਤਾਂ ਉਹ ਇਹੀ ਆਖ ਰਿਹਾ ਹੈ ਕਿ ''ਮੈਂ ਗੰਦੇ ਮਾਹੌਲ ਵਿਚ ਘਿਰਿਆ ਹੋਇਆ ਹਾਂ ਜਿਸ ਵਿਚ ਮੇਰਾ ਜਨਮ ਹੋਇਆ ਸੀ ਅਤੇ ਆਪਣੀ *ਹੋਂਦ* ਦੀ ਸ਼ੁਰੂਆਤ ਤੋਂ ਹੀ ਇਸ ਨਾਲ ਪ੍ਰਭਾਵਿਤ ਹਾਂ।''

ਬੜੇ ਹੀ ਸੌਖੇ ਤਰੀਕੇ ਨਾਲ ਇਸ ਦੀ ਤੁਲਨਾ ਬਰਫ਼ੀਲੇ ਇਲਾਕੇ ਵਿਚ ਠੰਢ ਅਤੇ ਬਰਫ਼ ਵਾਲੇ ਦਿਨ ਕਿਸੇ ਨੂੰ ਇਹ ਆਖ ਕੇ ਕੀਤੀ ਜਾ ਸਕਦੀ ਹੈ, ''ਮੈਂ ਬਰਫ਼ੀਲੇ ਤੂਫਾਨ ਵਿਚ ਆਪਣੀ ਮਾਤਾ ਦੇ ਗਰਭ ਵਿਚ ਆਇਆ ਅਤੇ ਡਿੱਗਦੀ ਬਰਫ਼ ਵਿਚ ਸੰਘਣੇ ਕੋਰੇ ਦੀ ਰਾਤ ਵਿਚ ਮੇਰਾ ਜਨਮ ਹੋਇਆ। ਹੈਰਾਨੀ ਨਹੀਂ ਕਿ ਮੈਂ ਅਜਿਹੇ ਮਾਹੌਲ ਵਿਚ ਪਲਿਆ ਵਧਿਆ ਹਾਂ।''

ਇਸ ਵਾਕ ਦਾ ਅਰਥ ਇਹ ਨਹੀਂ ਹੋਇਆ ਕਿ ਉਸਨੂੰ ਲੱਗਦਾ ਸੀ ਕਿ ਬਰਫ਼ੀਲੇ ਤੂਫਾਨ ਵਿਚ ਜਨਮ ਲੈਣ ਕਰਕੇ ਉਹ ਬਰਫ਼ ਦਾ ਗੋਲਾ ਸੀ। ਇਸ ਤਰ੍ਹਾਂ ਦਾਊਦ ਦਾ ਇਹ ਕਹਿਣਾ ਕਿ ਉਹ ਬਦੀ ਵਿਚ ਜੰਮਿਆ ਅਤੇ ਪਾਪ ਵਿਚ ਆਪਣੀ ਮਾਤਾ ਦੇ ਗਰਭ ਵਿਚ ਪਿਆ, ਕਿਸੇ ਵੀ ਤਰ੍ਹਾਂ ਇਹ ਅਰਥ ਨਹੀਂ ਦਿੰਦਾ ਕਿ ਦਾਊਦ ਆਪਣੇ ਆਪ ਨੂੰ ਪੈਦਾਇਸ਼ੀ ਪਾਪੀ ਮੰਨਦਾ ਸੀ। ਇਸ ਵਿਚ ਸਿਰਫ਼ ਉਸ ਦੇ ਜਨਮ ਦੇ ਆਲੇ-ਦੁਆਲੇ ਦੇ ਹਾਲਾਤ ਉੱਤੇ ਹੀ ਵਿਚਾਰ ਕੀਤਾ ਗਿਆ ਹੈ ਪਰ ਦਾਊਦ ਦੇ ਜਨਮ ਦੇ ਬਾਅਦ ਦੇ ਸੁਭਾਅ ਦਾ ਕੋਈ ਜ਼ਿਕਰ ਨਹੀਂ ਹੈ। ਇਹ ਕਹਿਣਾ ਕਿ ਉਹ ਜਨਮ ਸਮੇਂ ਪਾਪੀ ਸੀ, ਇਕ ਅਜਿਹਾ ਨਿਚੋੜ ਹੈ ਜਿਸ ਦਾ ਮੂਲ ਅਰਥ ਇਸ ਆਇਤ ਵਿਚ ਨਹੀਂ ਮਿਲਦਾ।

ਸਿਖਾਉਣ ਵਾਲੇ ਨੂੰ ਇਸ ਵੱਲ ਵੀ ਧਿਆਨ ਦੁਆਉਣਾ ਚਾਹੀਦਾ ਹੈ ਕਿ ਖ਼ੁਦਾ ਆਦਮ ਅਤੇ ਹੱਵਾਹ ਨੂੰ ਭਲੇ ਅਤੇ ਬੁਰੇ ਦੀ ਸਿਆਣ ਦੇ ਰੁੱਖ ਦਾ ਫ਼ਲ ਇਸ ਲਈ ਵੀ ਖਾਣ ਨਹੀਂ ਦੇਣਾ ਚਾਹੁੰਦਾ ਹੋਵੇਗਾ ਕਿ ਉਹ ਉਨ੍ਹਾਂ ਨੂੰ ਦੁੱਖ, ਨਿਰਾਸ਼ਾ ਅਤੇ ਦੋਸ਼ ਤੋਂ ਬਚਾਉਣਾ ਚਾਹੁੰਦਾ ਸੀ ਜੋ ਭਲੇ ਅਤੇ ਬੁਰੇ ਦੀ ਸਿਆਣ ਦੇ ਰੁੱਖ ਦਾ ਫ਼ਲ ਖਾ ਕੇ ਆਉਣਾ ਸੀ। ਕਈ ਵਾਰ ਹੋ ਸਕਦਾ ਹੈ ਕਿ ਸਾਨੂੰ ਲੱਗੇ ਕਿ ਖ਼ੁਦਾ ਸਾਡੇ ਭਲੇ ਦੀ ਕਿਸੇ ਵੀ ਚੀਜ਼ ਤੋਂ ਸਾਨੂੰ ਰੋਕਦਾ ਹੈ, ਪਰ ਖ਼ੁਦਾ ਜਦ ਵੀ ਕਿਸੇ ਗੱਲ ਲਈ ਮਨ੍ਹਾਹੀ ਕਰਦਾ ਹੈ, ਉਹ ਸਾਡੇ ਭਲੇ ਲਈ ਹੀ ਹੁੰਦਾ ਹੈ।

ਇਹ *ਪੱਕਾ* ਕਰਨ ਦੇ ਬਾਅਦ ਕਿ ਸਿੱਖਣ ਵਾਲੇ ਨੂੰ ਅਧਿਆਇ ਦੀ ਸਮਝ ਆ ਰਹੀ ਹੈ, ਅਗਲੇ ਅਧਿਐਨ ਲਈ ਸਮਾਂ *ਠਹਿਰਾ* ਲਓ।